# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ
## (ਰਜਿਸਟਰਾਰ ਦਫ਼ਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/172 ਮਿਤੀ: 26/04/2023

## ਦਫ਼ਤਰੀ ਹੁਕਮ

**ਵਿਸ਼ਾ: ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪੰਜਾਬ ਜੀ ਦੇ ਅਕਾਲ ਚਲਾਣੇ ਸੰਬੰਧੀ ਸ਼ੋਕ ਵਜੋਂ ਮਿਤੀ 27.04.2023 (ਦਿਨ ਵੀਰਵਾਰ) ਨੂੰ ਛੁੱਟੀ ਘੋਸ਼ਿਤ ਕਰਨ ਸੰਬੰਧੀ।**

ਸਮੂਹ ਅਧਿਕਾਰੀਆਂ, ਅਧਿਆਪਕਾਂ, ਖੋਜਾਰਥੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮਾਣਯੋਗ ਸਾਬਕਾ ਮੁੱਖ ਮੰਤਰੀ ਪੰਜਾਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ, ਕੱਲ੍ਹ ਮਿਤੀ 25.04.2023 ਨੂੰ ਅਕਾਲ ਚਲਾਣਾ ਕਰ ਗਏ ਸਨ। ਇਸ ਲਈ ਅਧੀਨ ਸਕੱਤਰ, ਪ੍ਰੋਟੋਕੋਲ, ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸ਼ਾਖਾ), ਚੰਡੀਗੜ੍ਹ ਦੇ ਪੱਤਰ ਨੰਬਰ GAD-POLODHD/5/2023-3 POL-1/Spl9 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਮਿਤੀ 27.04.2023 (**ਦਿਨ ਵੀਰਵਾਰ**) ਨੂੰ ਯੂਨੀਵਰਸਿਟੀ ਦੇ ਮੇਨ ਕੈਂਪਸ ਤੇ ਹੋਰਨਾਂ ਸਮੂਹ ਕਾਂਸਟੀਚਿਊਟ ਕੈਂਪਸ ਅਤੇ ਸਮੂਹ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਇਮਤਿਹਾਨ ਅਤੇ ਹੋਰ ਜ਼ਰੂਰੀ ਸੇਵਾਵਾਂ/ਮੀਟਿੰਗਾਂ ਆਦਿ ਪਹਿਲਾਂ ਨਿਸ਼ਚਿਤ ਅਤੇ ਨਿਰਧਾਰਤ ਸਮਾਂ-ਸਾਰਣੀ ਅਨੁਸਾਰ ਹੀ ਹੋਣਗੀਆਂ।

(ਡਾ.ਐਸ.ਕੇ. ਮਿਸਰਾ)
ਰਜਿਸਟਰਾਰ

ਪਿੱਠ ਅੰ.ਨੰ: ਆਈ.ਕੇ.ਜੀ.ਪੀ.ਟੀ.ਯੂ./ਰਜਿ./173-178 ਮਿਤੀ:26.04.2023

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਵਿਭਾਗ ਮੁਖੀ/ਇੰਚਾਰਜ (ਨਾਨ-ਟੀਚਿੰਗ)
2. ਸਮੂਹ ਵਿਭਾਗ ਮੁਖੀ (ਟੀਚਿੰਗ)
3. ਡੀਨ (ਅਕਾਦਮਿਕ): ਕਾਂਸਟੀਚਿਊਟ ਕੈਂਪਸ ਦੇ ਸਮੂਹ ਡਾਇਰੈਕਟਰ ਅਤੇ ਮਾਨਤਾ ਪ੍ਰਾਪਤ ਕਾਲਜਾਂ ਦੇ ਸਮੂਹ ਡਾਇਰੈਕਟਰ/ਪ੍ਰਿੰਸੀਪਲ ਨੂੰ ਜਾਣੂ ਕਰਵਾਉਣ ਹਿੱਤ।
4. ਡਿਪਟੀ ਰਜਿਸਟਰਾਰ (ਲੋਕ ਸੰਪਰਕ)
5. ਇੰਚਾਰਜ (ਆਈ.ਟੀ.ਐਸ.): ਵੈੱਸਾਈਟ 'ਤੇ ਅਪਲੋਡ ਕਰਵਾਉਣ ਹਿੱਤ।
6. ਸਕੱਤਰ, ਉਪ-ਕੁਲਪਤੀ

(ਡਾ.ਐਸ.ਕੇ. ਮਿਸਰਾ)
ਰਜਿਸਟਰਾਰ